# ਸੀ ਏ ਸੀ ਪੀ ਨੇ ਦਿੱਤਾ ਤੇਲ ਦੀ ਮਾਤਰਾ ਨੂੰ ਤੋਰੀਆ-ਸਰ੍ਹੋਂ ਦੇ ਸਮਰਥਨ ਮੁੱਲ ਨਾਲ ਜੋੜਨ ਦਾ ਸੁਝਾਅ

ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਆਪਣੀ 'ਹਾੜ੍ਹੀ ਦੀਆਂ ਫ਼ਸਲਾਂ ਦੀ ਮੁੱਲ ਨੀਤੀ: 2022-23 ਮੰਡੀਕਰਨ ਮੌਸਮ' ਵਿੱਚ ਸੁਝਾਅ ਦਿੱਤਾ ਹੈ ਕਿ ਕਿਸਾਨਾਂ ਨੂੰ ਹੁਲਾਰਾ ਦੇਣ ਅਤੇ ਤੋਰੀਆ-ਸਰ੍ਹੋਂ ਦਾ ਬਿਜਾਈ ਰਕਬਾ ਵਧਾਉਣ ਲਈ ਉਨ੍ਹਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਨੂੰ ਇਨ੍ਹਾਂ ਫ਼ਸਲਾਂ ਵਿੱਚ ਤੇਲ ਦੀ ਮਾਤਰਾ ਨਾਲ ਜੋੜਿਆ ਜਾਏ।

ਕਮਿਸ਼ਨ ਨੇ ਕਿਹਾ ਹੈ, "ਕਿਉਂਕਿ ਤੋਰੀਆ ਅਤੇ ਸਰ੍ਹੋਂ ਦੇ ਬੀਜਾਂ ਵਿੱਚ ਤੇਲ ਦੀ ਮਾਤਰਾ ਵੱਖ-ਵੱਖ ਕਿਸਮਾਂ ਵਿੱਚ ਵਿਆਪਕ ਤੌਰ ਤੇ ਵੱਖਰੀ ਹੁੰਦੀ ਹੈ, ਉਨ੍ਹਾਂ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਇਨ੍ਹਾਂ ਫਸਲਾਂ ਦੇ ਵੱਧ ਝਾੜ ਵਾਲੀਆਂ ਕਿਸਮਾਂ ਦੇ ਅਧੀਨ ਰਕਬਾ ਵਧਾਉਣ ਅਤੇ ਕਿਸਾਨਾਂ ਨੂੰ ਉਤਸ਼ਾਹਤ ਕਰਨ ਲਈ ਤੇਲ ਦੀ ਮਾਤਰਾ ਨਾਲ ਜੋੜਿਆ ਜਾ ਸਕਦਾ ਹੈ। ਵੱਖ-ਵੱਖ ਹਿੱਸੇਦਾਰਾਂ ਨਾਲ ਵਿਚਾਰ-ਵਟਾਂਦਰੇ ਦੇ ਅਧਾਰ 'ਤੇ, ਕਮਿਸ਼ਨ ਦਾ ਵਿਚਾਰ ਹੈ ਕਿ ਤੋਰੀਆ-ਸਰ੍ਹੋਂ ਦੇ ਐੱਮ ਐੱਸ ਪੀ ਨੂੰ ਬੀਜਾਂ ਵਿੱਚ 35 ਫ਼ੀਸਦੀ ਦੀ ਮੂਲ ਤੇਲ ਮਾਤਰਾ ਨਾਲ ਜੋੜਿਆ ਜਾਣਾ ਚਾਹੀਦਾ ਹੈ, ਅਤੇ ਕਿਸਾਨਾਂ ਨੂੰ ਉਸ ਤੋਂ ਉੱਪਰ ਹਰ 0.25 ਫ਼ੀਸਦੀ ਵਾਧੇ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।"

ਸੀ ਏ ਸੀ ਪੀ ਨੇ ਇਹ ਸੁਝਾਅ ਬਨਸਪਤੀ (ਜ਼ਿਆਦਾਤਰ ਖਾਣ ਵਾਲੇ) ਤੇਲ ਦੇ ਆਯਾਤ 'ਤੇ ਭਾਰਤ ਦੀ ਵੱਧ ਨਿਰਭਰਤਾ ਦਾ ਹਵਾਲਾ ਦਿੰਦੇ ਹੋਏ ਦਿੱਤਾ ਹੈ। ਕਮਿਸ਼ਨ ਦੇ ਮੁਤਾਬਿਕ, ਭਾਰਤ ਦਾ ਬਨਸਪਤੀ (ਜ਼ਿਆਦਾਤਰ ਖਾਣ ਵਾਲੇ) ਤੇਲ ਆਯਾਤ 2011-12 ਵਿੱਚ 46,334 ਕਰੋੜ ਰੁਪਏ ਦੇ ਮੁੱਲ ਉੱਤੇ ਲਗਭਗ 84 ਲੱਖ ਮੀਟ੍ਰਿਕ ਟਨ ਤੋਂ ਵਧ ਕੇ 2020-21 ਵਿੱਚ ਕਰੀਬ 135 ਲੱਖ ਮੀਟ੍ਰਿਕ ਟਨ ਹੋ ਗਿਆ ਹੈ, ਜਿਸਦਾ ਮੁੱਲ 82,118 ਕਰੋੜ ਰੁਪਏ ਹੈ।

ਭਾਰਤ ਬਨਸਪਤੀ ਤੇਲਾਂ ਦੀ ਦਰਾਮਦ 'ਤੇ ਬਹੁਤ ਜ਼ਿਆਦਾ ਨਿਰਭਰ ਹੈ, ਅਤੇ ਘਰੇਲੂ ਮੰਗ ਦਾ ਲਗਭਗ 60 ਫ਼ੀਸਦੀ ਆਯਾਤ ਰਾਹੀਂ ਪੂਰਾ ਕੀਤਾ ਜਾਂਦਾ ਹੈ। 2020-21 ਵਿੱਚ ਦੇਸ਼ ਦੇ ਕੁੱਲ ਖੇਤੀਬਾੜੀ ਆਯਾਤ ਵਿੱਚ ਬਨਸਪਤੀ ਤੇਲਾਂ ਦਾ ਹਿੱਸਾ ਕਰੀਬ 47.5 ਫ਼ੀਸਦੀ ਸੀ।

ਸੀ ਏ ਸੀ ਪੀ ਦੀਆਂ ਸਿਫ਼ਾਰਿਸ਼ਾਂ ਉੱਤੇ ਕਾਰਵਾਈ ਕਰਦੇ ਹੋਏ, ਭਾਰਤ ਸਰਕਾਰ ਦੀ ਆਰਥਿਕ ਮਾਮਲਿਆਂ ਦੀ ਮੰਤਰੀ ਮੰਡਲ ਕਮੇਟੀ (ਸੀ ਸੀ ਈ ਏ) ਨੇ 2022-23 ਹਾੜ੍ਹੀ ਮੰਡੀਕਰਨ ਮੌਸਮ ਦੇ ਲਈ ਤੋਰੀਆ-ਸਰ੍ਹੋਂ ਦਾ ਐੱਮ ਐੱਸ ਪੀ 5,050 ਰੁਪਏ ਪ੍ਰਤੀ ਕੁਇੰਟਲ ਐਲਾਨ ਕੀਤਾ ਹੈ, ਜਿਹੜਾ ਕਿ 2021-22 ਹਾੜ੍ਹੀ ਮੰਡੀਕਰਨ ਮੌਸਮ ਤੋਂ 400 ਰੁਪਏ ਪ੍ਰਤੀ ਕੁਇੰਟਲ ਵੱਧ ਹੈ। ਕੁਸੰਭਾ ਦਾ ਸਮਰਥਨ ਮੁੱਲ 114 ਰੁਪਏ ਪ੍ਰਤੀ ਕੁਇੰਟਲ ਵਧਾ ਕੇ 5,411 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

**2022-23 ਹਾੜ੍ਹੀ ਮੰਡੀਕਰਨ ਮੌਸਮ ਦੇ ਲਈ ਤੇਲ ਬੀਜਾਂ ਦਾ ਐੱਮ ਐੱਸ ਪੀ**

| **ਫ਼ਸਲ** | **2022-23 (ਰੁਪਏ/ਕੁਇੰਟਲ)** | **2021-22 (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ ਫੀਸਦੀ ਵਿੱਚ** |
|---|---|---|---|---|
| ਸਰ੍ਹੋਂ ਅਤੇ ਤਾਰਾਮੀਰਾ | 5,050 | 4,650 | 400 | 9% |
| ਕੁਸੰਭਾ | 5,411 | 5,327 | 114 | 2% |